ਆਰਥਕ ਜੀਵਣ ਨੂੰ ਵੀ ਲੀਰੋ ਲੀਰ ਕਰ ਸੁਟਿਆ ਹੈ।

ਇਸ ਦੀ ਜ਼ਿਮੇਵਾਰੀ ਕਿਸ ਪੁਰ ਹੈ ?

ਦਸਾਂ ਵਿਚੋਂ ਨੌਂ ਹਿੰਦੁਸਤਾਨੀ ਕਹਿਣਗੇ ਜਨਤਾ ਤੋਂ ਦੁਪਰਿਆਰੀ ਪ੍ਰਦੇਸੀ ਸਰਕਾਰ ਪੁਰ। ਇਸ ਗੱਲ ਤੋਂ ਕੋਈ ਵੀ ਇਨਕਾਰੀ ਹੀ ਨਹੀਂ ਹੋ ਸਕਦਾ ਕਿ ਨੌਕਰਸ਼ਾਹੀ ਦੀ ਨਾ-ਅਹਿਲੀਅਤ ਅਤੇ ਨਾ-ਕਾਬਲੀਅਤ ਮੁਲਕ ਦੀ ਮੌਜੂਦਾ ਆਰਥਕ ਤੇ ਰਾਜਸੀ ਦਸ਼ਾ ਦੀ ਜ਼ਿਮੇਵਾਰ ਹੈ, ਪਰ ਅੰਨ ਗਿਆ ਕਿਥੇ ?

ਅਸਲ ਅੰਨ-ਚੋਰਾਂ ਨੇ ਆਪਣੇ ਆਪ ਨੂੰ ਉਹਲਾ ਦੇਣ ਲਈ ਲੋਕਾਂ ਦੀ ਸਰਕਾਰ-ਵਿਰੋਧੀ ਰੁਚੀ ਤੋਂ ਫਾਇਦਾ ਉਠਾਉਂਦਿਆਂ ਹੋਇਆਂ ਇਹ ਮਸ਼ਹੂਰ ਕਰ ਰਖਿਆ ਹੈ ਕਿ ਸਰਕਾਰ ਨੇ ਅੰਨ ਸਮੁੰਦਰੋਂ ਪਾਰ ਭੇਜ ਦਿਤਾ, ਜਾਂ ਫੌਜੀ ਲੋੜਾਂ ਨੇ ਅੰਨ-ਕਾਲ ਪੈਦਾ ਕਰ ਦਿਤਾ। ਪਰ ਅੰਕੜਿਆਂ ਦੀ ਪੜਤਾਲ ਤੋਂ ਪਤਾ ਚਲਦਾ ਹੈ ਕਿ ਇਸ ਸਾਲ ਸਿਰਫ਼ ੨੦ ਲਖ ਮਣ ਅਨਾਜ ਬਾਹਰ ਭੇਜਿਆ ਗਿਆ ਅਤੇ ਇਹ ਆਮ ਸਾਲਾਂ ਦੀ ਔਸਤ ਦਾ ਦਸਵਾਂ ਹਿਸਾ ਹੈ। ਇਸ ਦੇ ਮੁਕਾਬਲੇ ਤੇ ਸਿਰਫ਼ ਪੰਜਾਬ ਵਿਚ ਹੀ ਇਸ ਸਾਲ ੨੧੨੯ ਲਖ ਮਣ ਅਨਾਜ ਪੈਦਾ ਹੋਇਆ ਹੈ, ਅਥਵਾ ਬਾਹਰ ਭੇਜੇ ਗਏ ਅਨਾਜ ਨਾਲੋਂ ਇਕ ਸੌ ਛੇ ਗੁਣਾ ਜ਼ਿਆਦਾ। ਜਿਥੋਂ ਤਕ ਫੌਜਾਂ ਦਾ ਸਬੰਧ ਹੈ, ੨੦ ਲਖ ਫੌਜੀ ੪੦ ਕਰੋੜ ਆਦਮੀਆਂ ਦਾ ਅੰਨ ਨਹੀਂ ਨਿਗਲ ਸਕਦੇ। ਸੋ ਅੰਨ-ਕਾਲ ਦੇ ਇਹ ਸਬਬ ਸਚਾਈ ਦੀ ਘਸਵਟੀ ਉਤੇ ਪੂਰੇ ਨਹੀਂ ਉਤਰਦੇ।

ਤਾਂ ਫਿਰ ਅਸਲ ਦੋਸ਼ੀ ਕੌਣ ਹੈ ?

ਅਸਲ ਦੋਸ਼ੀ, ਜਨਤਾ ਦੇ ਅੰਨ ਦੇ ਚੋਰ, ਵਡੇ ਵਡੇ ਜ਼ਖੀਰੇਬਾਜ਼ ਤੇ ਮੁਨਾਫ਼ਾ-ਖੋਰ ਹਨ। ਇਨ੍ਹਾਂ ਵਿਚ ਸਰ ਛੋਟੂ ਰਾਮ ਦੀ ਜਾਟ ਸਭਾ ਦਾ ਲਾਣਾ—ਰਜਵਾੜਿਆਂ ਜਾਗੀਰਾਂ ਵਾਲੇ ਜ਼ਿਮੀਂਦਾਰ ਅਤੇ ਵਡੇ ਵਡੇ ਢਿੱਡਾਂ ਵਾਲੇ ਵਪਾਰੀ ਦੇਵੇਂ ਸ਼ਾਮਲ ਹਨ। ਜਿਥੇ ਪੰਜਾਬ ਯੂਨੀਅਨਿਸਟ ਮਗਰਮਛਾਂ ਵਲੋਂ ਕੀਮਤਾਂ ਦੇ ਕੰਟਰੋਲ ਤੇ ਰਾਸ਼ਨਬੰਦੀ ਵਿਰੁਧ ਜਹਾਦ ਇਨ੍ਹਾਂ ਦੇ ਦੋਸ਼ੀ ਹੋਣ ਦਾ ਸਬੂਤ ਹੈ। ਉਸੇ ਬੰਗਾਲ ਵਿਚ 'ਅਮਾਨ' (ਸਰਦੀਆਂ ਦੀ ਫਸਲ) ਦੇ ਆਉਣ ਤੋਂ ਝਟ ਪਹਿਲਾਂ ਚਾਵਲ ਦੀ ਕੀਮਤ ਦਾ ੧੦੦ ਰੁਪਏ ਤੋਂ ਡਿਗ ਕੇ ਝਟ ਸੌਲਾਂ

SARDAR DYAL SINGH LIBRARY

ਅਠਾਰਾਂ ਰੁਪਏ ਚੇ ਪੁਜ ਜਾਣਾ (ਤਾਕਿ ਨਵੀਂ ਫਸਲ ਫੇਰ ਅਠਾਰਾਂ ਰੁਪਏ ਮਣ ਖਰੀਦੀ ਜਾ ਸਕੇ) ਬੰਗਾਲੀ ਵਡ-ਵਪਾਰੀਆਂ ਨੂੰ 'ਜਨਤਾ ਦੇ ਕਾਤਲ' ਠਹਿਰਾਉਂਦਾ ਹੈ।

ਇਸ ਜੰਗ ਨੇ ਖਾਸ ਕਰ ਬੰਗਾਲ ਦੇ ਕਾਲ ਨੇ ਸਰਮਾਏਦਾਰੀ ਸਮਾਜ ਦੇ ਜਰਜਰਾ-ਪਣ ਨੂੰ ਬਿਲਕੁਲ ਨੰਗਿਆਂ ਕਰ ਦਿਤਾ ਹੈ। ਇਸ ਦੇ ਆਰਥਕ ਪ੍ਰਬੰਧ ਦੀਆਂ ਤੜਾਂ ਵਧ ਕੇ ਪਾੜਿਆਂ ਵਿਚ ਤਬਦੀਲ ਹੋ ਚੁਕੀਆਂ ਹਨ। ਇਸਦੇ ਸਾਧਾਰਨ ਚੱਲੰਤ ਸਾਧਨ ਬੁਰੀ ਤਰ੍ਹਾਂ ਅਸਫਲ ਰਹੇ ਹਨ। ਹੁਣ ਆਮ ਵਪਾਰਕ ਢਾਂਚਾ ਵਸਤਾਂ ਲੋਕਾਂ ਤਕ ਨਹੀਂ ਪੁਚਾ ਸਕਿਆ। ਇਸ ਨੇ ਵਸਤਾਂ ਦਾ ਕਾਲ ਤੇ ਚੋਰ ਬਾਜ਼ਾਰ ਪੈਦਾ ਕੀਤੇ ਹਨ। ਹੁਣ ਸਿਰਫ਼ ਜਨਤਕ ਸਾਧਨ ਹੀ ਆਰਥਕ ਪ੍ਰਬੰਧ ਚਲਾ ਸਕਦੇ ਹਨ। ਮੁਨਾਫ਼ੇ ਖੋਰਾਂ ਤੇ ਜ਼ਖੀਰੇਬਾਜ਼ਾਂ ਵਿਰੁਧ ਸਾਰੀ ਦੀ ਸਾਰੀ ਜਨਤਾ ਦਾ ਏਕਾ ਹੀ ਚੋਰ-ਬਾਜ਼ਾਰਾਂ ਨੂੰ ਖਤਮ ਕਰ ਸਕਦਾ ਹੈ ਅਤੇ ਇਸ ਏਕੇ ਦੀ ਸਥਾਪਨਾ ਵਿਚ ਕਿਸਾਨਾਂ ਨੇ ਅਗੁਆਈ ਕਰਨੀ ਹੈ।

ਪਰ ਆਪਣਾ ਫਰਜ਼ ਪੂਰਾ ਕੀਤੇ ਬਿਨਾਂ ਉਹ ਇਸ ਜਨ-ਏਕੇ ਦੀ ਲਹਿਰ ਦੇ ਆਗੂ ਨਹੀਂ ਬਣ ਸਕਦੇ ਅਤੇ ਉਨ੍ਹਾਂ ਦਾ ਦੇਸ਼ਭਗਤਕ ਫਰਜ਼ ਵਧੇਰੇ ਅੰਨ ਉਗਾਉਣਾ ਹੈ। ਕਿਉਂਕਿ ਬਾਹਲਾ ਅੰਨ ਬੀਜ ਕੇ ਉਹ ਨਾ ਸਿਰਫ ਜ਼ਖੀਰੇਬਾਜ਼ਾਂ ਨੂੰ ਕਮਜ਼ੋਰ ਕਰਦੇ ਹਨ, ਪਰ ਦੇਸ਼ ਵਿਚ ਅੰਨ ਦੇ ਹਕੀਕੀ ਘਾਟੇ ਨੂੰ ਵੀ ਦੂਰ ਕਰਦੇ ਹਨ।

ਬਾਹਲਾ ਅੰਨ ਬੀਜਣਾ ਅਜ ਕਿਸਾਨਾਂ ਦਾ ਸਭ ਤੋਂ ਵਡਾ ਦੇਸ਼ਭਗਤਕ ਫਰਜ਼ ਹੈ ਅਤੇ ਉਨ੍ਹਾਂ ਦਾ ਸ਼ਰੇਣੀ ਧਰਮ ਵੀ। ਕਿਉਂਕਿ ਅਜ ਕਿਸਾਨ ਨੂੰ ਆਪਣੀਆਂ ਆਰਥਕ ਮੰਗਾਂ ਪੂਰੀਆਂ ਕਰਵਾਉਣ ਲਈ ਆਪਣੀ ਜਮਾਤ ਦੇ ਅਣਟੁੱਟ ਏਕੇ ਅਤੇ ਬਾਕੀ ਦੀ ਜਨਤਾ ਦੀ ਸਰਗਰਮ ਸਹਾਇਤਾ ਦੀ ਲੋੜ ਹੈ। ਬਾਹਲਾ ਅੰਨ ਉਗਾਉਣ ਦੀ ਮੁਹਿਮ ਦੀਆਂ ਨੀਹਾਂ ਤੇ ਨਾ ਸਿਰਫ਼ ਮਜ਼ਬੂਤ ਕਿਸਾਨ ਕਮੇਟੀਆਂ ਖੜੀਆਂ ਕੀਤੀਆਂ ਜਾ ਸਕਦੀਆਂ ਹਨ, ਸਗੋਂ ਉਨ੍ਹਾਂ ਕਮੇਟੀਆਂ ਪਿਛੇ ਸਾਰੀ ਜਨਤਾ ਦੀ ਦਿਲੀ ਮਿਲਵਰਤਣ ਜਥੇਬੰਦ ਕੀਤੀ ਜਾ ਸਕਦੀ ਹੈ। ਬਾਹਲਾ ਅੰਨ ਉਪਜਾ ਕੇ ਕਿਸਾਨ ਜਨਤਾ ਨੂੰ ਭੁਖ ਤੋਂ ਬਚਾਉਣਗੇ ਅਤੇ ਜਨਤਾ ਕਿਸਾਨ-ਮੰਗਾਂ ਦੀ ਜ਼ੋਰਦਾਰ ਪੈੜਤਾ ਕਰਕੇ ਉਨ੍ਹਾਂ ਨੂੰ ਪੂਰਾ ਕਰਵਾਏਗੀ ਅਤੇ ਆਪਣੀ ਭੁਖ-ਮੌਤ ਵਿਰੁਧ ਬੀਮਾ ਕਰਾਏਗੀ।

ਕਿਸਾਨਾਂ ਦੇ ਬਾਹਲੇ ਅੰਨ ਦੇ ਵਟਾਂਦਰੇ ਵਿਚ ਮਜ਼ਦੂਰ ਉਨ੍ਹਾਂ ਲਈ ਬਾਹਲੀ ਖੰਡ, ਬਹੁਤਾ ਕਪੜਾ ਤੇ ਵਧੇਰੇ ਤੇਲ ਪੈਦਾ ਕਰਨਗੇ। ਇਕ ਤਬਕਾ ਦੂਸਰੇ ਤਬਕੇ ਦੇ ਮੋਢੇ ਨਾਲ ਮੋਢਾ ਜੋੜ ਕੇ ਇਸ ਭਿਆਨਕ ਆਰਥਕ ਸੰਕਟ ਵਿਚੋਂ ਸਫਲਤਾ ਨਾਲ ਲੰਘ ਜਾਏਗਾ ਅਤੇ ਜਨਤਾ ਆਰਥਕ ਪ੍ਰਬੰਧ ਨੂੰ ਆਪਣੇ ਹੱਥ ਲੈਕੇ ਨੌਕਰਸ਼ਾਹੀ ਦੀ ਤਾਕਤ ਨੂੰ ਕਮਜ਼ੋਰ ਕਰ ਦੇਵੇਗੀ। ਪੰਜ-ਕਾਲਮੀਏ ਵੀ ਸ਼ਹਿਰੀ ਜਨਤਾ ਤੇ ਪੇਂਡੂ ਜਨਤਾ ਵਿਚ ਫੁਟ ਪਾਉਣ–ਸ਼ਹਿਰਾਂ ਦੇ ਗਰੀਬਾਂ ਨੂੰ ਪਿੰਡਾਂ ਦੇ ਕਿਸਾਨਾਂ ਵਿਰੁਧ ਭੜਕਾਉਣ–ਅਤੇ ਇਸ ਤਰਾਂ ਦੇਸ਼ ਵਿਚ ਆਪਾ-ਧਾਪੀ ਮਚਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਣਗੇ।

ਪਰ ਅਜ ਬਾਹਲਾ ਅੰਨ ਬੀਜਣ ਦਾ ਸਵਾਲ ਨਿਰਾ ਲੋਕਾਂ ਨੂੰ ਭੁਖ ਤੋਂ ਬਚਾਉਣ ਦਾ ਸਵਾਲ, ਮਨੁਖੀ-ਹਮਦਰਦੀ ਦਾ ਸੁਆਲ ਨਹੀਂ ਰਹਿ ਗਿਆ। ਸਾਡੇ ਦੇਸ਼ ਲਈ ਇਹ ਇਕ ਮਹਾਨ ਰਾਜਸੀ ਸੁਆਲ ਬਣ ਗਿਆ ਹੈ। ਜੇ ਕਿਸਾਨ ਨੇ ਬਾਹਲਾ ਅੰਨ ਬੀਜ ਕੇ ਅਤੇ ਜਨਤਕ ਜਥੇਬੰਦੀਆਂ ਰਾਹੀਂ ਇਸ ਨੂੰ ਲੋਕਾਂ ਤਕ ਪੁਚਾ ਕੇ, ਅੰਨ-ਸੰਕਟ ਨੂੰ ਦੂਰ ਕਰ ਦਿਤਾ ਤਾਂ ਨਾ ਸਿਰਫ਼ ਉਹ ਆਰਥਕ-ਪ੍ਰਬਧ ਨੂੰ ਪ੍ਰਦੇਸੀ ਨੌਕਰ-ਸ਼ਾਹੀ ਦੇ ਹਥਾਂ ਚੋਂ ਖੋਹ ਲਏਗਾ, ਸਗੋਂ ਜਨਤਾ ਨੂੰ ਦੇਸ਼ ਬਚਾਅ ਆਪਣੇ ਹੱਥਾਂ ਵਿਚ ਲੈਣ, ਜਾਪਾਨੀ ਹਮਲੇ ਨੂੰ ਨਾਕਾਮ ਬਨਾਣ ਅਤੇ ਕੌਮੀ ਹਕੂਮਤ ਵਲ ਵਧਣ ਲਈ ਤਿਆਰ ਕਰੇਗਾ। ਇਸ ਤਰ੍ਹਾਂ ਕਿਸਾਨ ਦੇਸ਼-ਬਚਾਅ ਤੇ ਕੌਮੀ ਸਰਕਾਰ ਦੀ ਸਥਾਪਨਾ ਦੇ ਸੰਗਰਾਮ ਵਿਚ ਆਪਣਾ ਯੋਗ ਹਿੱਸਾ ਪਾਉਣਗੇ।

ਅਜ ਕਿਸਾਨ ਸਭਾ ਨੇ 'ਬਾਹਲਾ ਅੰਨ ਬੀਜੋ' ਦੇ ਨਾਹਰੇ ਨੂੰ ਆਪਣਾ ਪ੍ਰਥਮ ਨਾਹਰਾ ਤਾਂ ਬਣਾਇਆ ਹੈ, ਕਿਉਂਕਿ ਦੇਸ਼ਭਗਤੀ ਦੀ ਪੁਕਾਰ ਇਹੋ ਹੈ।

ਆਲ ਇੰਡੀਆ ਕਿਸਾਨ ਸਭਾ ਦੇ ਮੀਤ-ਪ੍ਰਧਾਨ ਸਾਥੀ ਈ. ਐਮ. ਐਸ. ਨਮਬੂਦਰੀਪਾਦ ਦੀ ਲਿਖੀ ਇਹ ਛੋਟੀ ਜਹੀ ਪੁਸਤਕ ਇਹਨਾਂ ਸਭਨਾਂ ਗੱਲਾਂ ਨੂੰ ਵਿਸਥਾਰ ਸਹਿਤ ਸਮਝਾਉਂਦੀ ਹੈ ਅਤੇ ਹਿੰਦੁਸਤਾਨ ਦੇ ਤੀਹ ਕਰੋੜ ਕਿਰਸਾਨਾਂ ਨੂੰ ਉਨ੍ਹਾਂ ਦੇ ਫਰਜ਼ਾਂ ਦਾ ਅਹਿਸਾਸ ਕਰਾਉਂਦੀ ਹੈ।

ਜਦ ਇਹ ਪੁਸਤਕ ਲਿਖੀ ਗਈ ਸੀ, ਬੰਗਾਲ ਦਾ ਕਾਲ ਇਸ

★ ਦੇਸ਼ ਦਾ ਮਾਰੂ-ਸੰਕਟ ★

ਅੱਜ ਸਾਡੇ ਦੇਸ਼ ਤੇ ਭਿਆਨਕ ਕੌਮੀ-ਸੰਕਟ ਛਾਇਆ ਹੋਇਆ ਹੈ। ਸਾਡੇ ਇਤਹਾਸ ਵਿਚ ਏਨਾ ਵੱਡਾ ਸੰਕਟ ਕਦੀ ਨਹੀਂ ਸੀ ਆਇਆ। ਸਾਡੇ ਕੌਮੀ-ਜੀਵਨ ਦਾ ਕੋਈ ਪਹਿਲੂ ਇਸ ਦੀ ਮਾਰ ਤੋਂ ਬਚ ਨਹੀਂ ਸਕਿਆ। ਜਨਤਾ ਦਾ ਕੋਈ ਭੀ ਅੰਗ ਇਸ ਦੇ ਅਸਰ ਤੋਂ ਖਾਲੀ ਨਹੀਂ ਹੈ।

ਖੇਤੀ ਹੀ ਸਾਡੇ ਦੇਸ਼ ਦੇ ਜੀਵਨ-ਨਿਰਬਾਹ ਦਾ ਮੁਖ-ਸਾਧਨ ਹੈ। ਦੇਸ਼ ਦੇ ਲਗ ਪਗ ੭੫ ਫ਼ੀ ਸਦੀ ਆਦਮੀ ਕਿਸਾਨ ਹਨ। ਕੋਈ ਭੀ ਸੰਕਟ ਓਦੋਂ ਤਕ ਕੌਮੀ-ਸੰਕਟ ਨਹੀਂ ਕਿਹਾ ਜਾ ਸਕਦਾ, ਜਦੋਂ ਤੀਕ ਕਿ ਦੇਸ਼ ਦੀ ਬਹੁ-ਗਿਣਤੀ ਕਿਸਾਨਾਂ ਦੀ ਜ਼ਿੰਦਗੀ ਤੇ ਉਸ ਦਾ ਅਸਰ ਨਾ ਹੋਵੇ। ਸਾਡੇ ਰਾਜਸੀ-ਮਸਲੇ ਓਦੋਂ ਤਕ ਹੱਲ ਨਹੀਂ ਹੋ ਸਕਦੇ ਜਦੋਂ ਤੀਕ ਕਿਸਾਨਾਂ ਦੇ ਮਸਲੇ ਹੱਲ ਨਹੀਂ ਹੁੰਦੇ। ਜੇਕਰ ਕਿਸਾਨਾਂ ਦੇ ਮਸਲੇ ਹੱਲ ਹੁੰਦੇ ਹਨ ਤਾਂ ਉਸ ਦਾ ਅਸਰ ਸਾਰੇ ਦੇਸ਼ ਲਈ ਚੰਗਾ ਹੁੰਦਾ ਹੈ। ਉਸ ਨਾਲ ਦੇਸ਼ ਦੇ ਦੂਜੇ ਸਵਾਲਾਂ ਨੂੰ ਹੱਲ ਕਰਨ ਵਿਚ ਸਹਾਇਤਾ ਮਿਲਦੀ ਹੈ।

ਮੌਜੂਦਾ ਸੰਕਟ ਦਾ ਕਿਸਾਨਾਂ ਤੇ ਕੀ ਅਸਰ ਹੋਇਆ ਹੈ, ਕਿਸਾਨ ਆਪਣੇ ਮਸਲੇ ਆਪਣੇ ਢੰਗ ਨਾਲ ਹੱਲ ਕਰ ਸਕਦੇ ਹਨ ? ਕਿਸਾਨ ਆਪਣੇ ਮਸਲਿਆਂ ਨੂੰ ਹੱਲ ਕਰਕੇ ਕੌਮੀ-ਮਸਲਾ ਸੁਲਝਾਉਣ ਵਿਚ ਕਿਸ ਤਰ੍ਹਾਂ ਹੱਥ ਵਟਾ ਸਕਦੇ ਹਨ ?

ਦੇਸ਼-ਰਖਿਆ ਖ਼ਤਰੇ ਵਿਚ

ਸਾਡੇ ਦੇਸ਼ ਦੀ ਸਰਕਾਰ ਦੇਸ਼-ਰਖਿਆ ਲਈ ਜਨਤਾ ਦਾ ਸਾਥ ਨਹੀਂ ਚਾਹੁੰਦੀ। ਸਾਡੀ ਕੌਮੀ-ਲਹਿਰ ਜਨਤਾ ਨੂੰ ਦੇਸ਼-ਰਖਿਆ ਤੋਂ

ਮਾਰੂ-ਰੂਪ ਵਿਚ ਅਜੇ ਸਾਹਮਣੇ ਨਹੀਂ ਆਇਆ ਸੀ। ਇਹ ਭਿਆਨਕ ਕਾਲ ਇਸ ਪੁਸਤਕ ਦੇ ਇਕ ਇਕ ਸ਼ਬਦ ਦੀ ਪੁਸ਼ਟੀ ਕਰਦਾ ਹੈ।

ਪੰਜਾਬ ਸਭ ਤੋਂ ਵਧੀਕ ਵਾਧੂ ਅਨਾਜ ਪੈਦਾ ਕਰਨ ਵਾਲਾ ਸੂਬਾ ਹੈ। ਬੰਗਾਲ ਨੂੰ ਬਚਾਉਣਾ ਤੇ ਬਾਕੀ ਦੇਸ਼ ਨੂੰ ਬੰਗਾਲ ਨਾ ਬਣਨ ਦੇਣਾ ਅਜ ਪੰਜਾਬੀ ਕਿਸਾਨ ਦੇ ਹੱਥ ਹੈ। ਸਾਰੇ ਦੇਸ਼ ਦੀ ਕਿਸਮਤ ਦਾ ਫੈਸਲਾ ਉਸ ਪੁਰ ਨਿਰਭਰ ਹੈ। ਜੇ ਉਸਨੇ ਬਾਹਲਾ ਅੰਨ ਬੀਜਕੇ ਅੰਨ ਦੇ ਅੰਬਾਰ ਖੜੇ ਕਰ ਦਿਤੇ, ਜੇ ਉਸਨੇ ਕਿਸਾਨ ਸਭਾ ਵਿਚ ਜਥੇਬੰਦ ਹੋਕੇ ਅੰਨ ਪਿੰਡ ਦੀ ਕਿਸਾਨ ਕਮੇਟੀ ਰਾਹੀਂ ਸ਼ਹਿਰਾਂ ਦੀਆਂ ਜਨਤਕ ਖੁਰਾਕ ਕਮੇਟੀਆਂ ਪਾਸ ਵੇਚਿਆ ਤਾਂ ਉਹ ਜ਼ਖੀਰੇਬਾਜ਼ੀ ਤੇ ਚੋਰ ਬਾਜ਼ਾਰ ਨੂੰ ਖਤਮ ਕਰ ਦੇਵੇਗਾ। ਉਹ ਬੰਗਾਲ ਦੇ ਮੌਜੂਦਾ ਅੰਨ ਕਾਲ ਨੂੰ ਖਤਮ ਕਰ ਦਏਗਾ ਅਤੇ ਫੇਰ ਕਦੀ ਕਿਤੇ ਇਜੇਹਾ ਕਾਲ ਨਹੀਂ ਪੈਣ ਦੇਵੇਗਾ।

ਜੇ ਉਸਨੇ ਆਪਣੀ ਸ਼ਰੇਣੀ ਜਥੇਬੰਦੀ ਕਿਸਾਨ ਸਭਾ ਨੂੰ ਮਜ਼ਬੂਤ ਬਣਾ ਕੇ ਰਜਵਾੜੇ-ਜ਼ਿਮੀਂਦਾਰਾਂ ਦੀ ਛੋਟੂ-ਰਾਮੀ ਜਾਟ ਸਭਾ ਨੂੰ ਜੰਮਦੀ ਨੂੰ ਖਤਮ ਕਰ ਦਿਤਾ, ਜੇ ਉਸਨੇ ਕੰਟਰੋਲ ਰਾਹੀਂ ਆਪਣੇ ਅਨਾਜ ਦੇ ਯੋਗ ਨਿਰਖ ਮੁਕਰਰ ਕਰਵਾਏ ਅਤੇ ਆਪਣੀ ਖਰੀਦ ਦੀਆਂ ਵਸਤਾਂ ਵਾਜਬੀ ਕੀਮਤਾਂ ਪੁਰ ਹਾਸਲ ਕੀਤੀਆਂ, ਤਾਂ ਉਹ ਨਾ ਸਿਰਫ ਸਚੇ ਅਰਥਾਂ ਵਿਚ ਅੰਨ-ਦਾਤਾ ਬਣੇਗਾ, ਨਾ ਸਿਰਫ ਜਨਤਾ ਨੂੰ ਭੁਖ-ਮੌਤ ਤੋਂ ਬਚਾਏਗਾ, ਸਗੋਂ ਆਪਣੀਆਂ ਇਤਹਾਸਕ ਦੇਸ਼ਭਗਤੀ ਦੀਆਂ ਰਵਾਇਤਾਂ ਨੂੰ ਕਾਇਮ ਰਖਦਾ ਹੋਇਆ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਆਪਣੀ ਉਚੀ ਪਦਵੀ ਪਾ ਸਕੇਗਾ।

ਆਸ ਹੈ ਕਿ ਸਾਥੀ ਨਮਬੂਦਰੀਪਾਦ ਦੀ ਪੁਸਤਕ ਦਾ ਪੰਜਾਬੀ ਉਲਥਾ ਆਪਣੇ ਫਰਜ਼ਾਂ ਨੂੰ ਸਮਝਣ ਅਤੇ ਅਸਲੀ ਟੀਚੇ ਤੇ ਪੁਜਣ ਵਿਚ ਪੰਜਾਬੀ ਕਿਸਾਨਾਂ ਦੀ ਸਹਾਇਤਾ ਕਰੇਗਾ।

"ਜੰਗਿ ਆਜ਼ਾਦੀ" ਲਾਹੌਰ
੪ ਦਸੰਬਰ, ੧੯੪੩

ਜਗਜੀਤ ਸਿੰਘ 'ਅਨੰਦ'

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.